BABA FARID UNIVERSITY OF HEALTH SCIENCES
Sadiq Road Faridkot – 151303 (Pb) Phone : 01639-
256232, 256236
Fax: 01639-256234
Web: www.babafariduniv.com
generalinfo@bfuhs.ac.in

**ਪਿੱਠ ਅੰਕਣ ਨੂੰ 08-ਬ.ਫ.ਯੂ.ਐੱਚ.ਐੱਸ./ਅਮਲਾ-1/2022/** 3654 **ਮਿਤੀ** 28.02.2022

## ਦਫਤਰ ਹੁਕਮ

ਸ਼੍ਰੀਮਤੀ ਅਵਨੀਤ ਕੌਰ ਸਟਾਫ ਨਰਸ ਪੁੱਤਰੀ ਸ਼੍ਰੀ ਇਕਬਾਲ ਸਿੰਘ ਐਡਵਾਂਸਡ ਕੈਂਸਰ ਇੰਸਟੀਚਿਊਟ ਬਠਿੰਡਾ ਮਿਤੀ 12.03.2019 ਤੋਂ ਲਗਾਤਾਰ ਗੈਰ ਹਾਜਰ ਚੱਲ ਰਹੀ ਹੈ। ਆਪ ਜੀ ਵੱਲੋਂ 12.03.19 ਤੋਂ 28.02.2022 ਤੱਕ ਬਿਨਾਂ ਤਨਖਾਹ ਛੁੱਟੀ, ਦੀ ਮੰਗ ਕੀਤੀ ਗਈ ਸੀ ਕਿਉਕਿ ਆਪ ਦੀ ਨਿਯੁਕਤੀ ਨੈਸ਼ਨਲ ਹੈੱਲਥ ਮਿਸ਼ਨ ਪੰਜਾਬ ਵਿਖੇ ਕਮਿਊਨਟੀ ਹੈਲਥ ਆਫਿਸਰ ਵਜੋਂ ਹੋਈ ਸੀ ਤੇ ਆਪ ਇਸ ਅਹੁਦੇ ਤੇ ਜੁਆਇੰਨ ਕਰਨਾ ਚਾਹੁੰਦੇ ਸੀ। ਆਪ ਨੇ ਇਹ ਬੇਨਤੀ ਯੋਗ ਪ੍ਰਣਾਲੀ ਰਾਹੀਂ ਸਮਰੱਥ ਅਧਿਕਾਰੀ ਨੂੰ ਨਹੀਂ ਭੇਜੀ ਸੀ। ਆਪ ਦੀ ਇਹ ਬੇਨਤੀ ਸਮਰੱਥ ਅਧਿਕਾਰੀ ਵੱਲੋਂ ਨਾ ਮਨਜ਼ੂਰ ਕਰ ਦਿੱਤੀ ਗਈ ਸੀ। ਇਸ ਤੋ ਬਾਅਦ ਆਪ ਬਿਨਾਂ ਕਿਸੇ ਜਾਣਕਾਰੀ ਤੋਂ ਡਿਊਟੀ ਤੋਂ ਗੈਰ ਹਾਜ਼ਰ ਹੋ ਗਏ। ਆਪ ਨੂੰ ਐਡਵਾਸਡ ਕੈਸਰ ਇੰਸਟੀਟਊਟ ਬਠਿੰਡਾ ਦੇ ਪੱਤਰ ਨੰ.ACI/BTI/2019/ 15706 dated 01.05.2019 ਰਾਹੀਂ ਆਪ ਨੂੰ ਗਿਆ ਸੀ ਕਿ ਜਾਂ ਤਾਂ ਇੱਕ ਮਹੀਨਾ ਦਾ ਨੋਟਿਸ ਦਿਉ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾਂ ਕਰਵਾਉ। ਤੁਸੀ ਇਸ ਦੀ ਪਾਲਣਾ ਨਹੀਂ ਕੀਤੀ। ਇੱਕ ਦੁਬਾਰਾ ਯੂਨੀਵਰਸਿਟੀ ਦੇ ਯਾਦ ਪੱਤਰ ਨੰ.08-BFUHS/Estt.III/2020/ 15661 dated 16.09.2020 ਰਾਂਹੀ ਲਿਖਿਆ ਗਿਆ ਕਿ ਜਾਂ ਤਾਂ ਇੱਕ ਮਹੀਨਾ ਦਾ ਨੋਟਿਸ ਦਿਉ ਜਾਂ ਕਿ ਇੱਕ ਮਹੀਨਾ ਦੀ ਤਨਖਾਹ ਜਮ੍ਹਾਂ ਕਰਵਾਉ। ਤੁਸੀ ਫਿਰ ਇਸ ਦੀ ਪਾਲਣਾ ਨਹੀਂ ਕੀਤੀ।

ਹੁਣ ਆਪ ਜੀ ਨੂੰ ਡਿਊਟੀ ਤੋਂ ਗੈਰ ਹਾਜ਼ਰ ਹੋਏ ਇੱਕ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਅਤੇ ਬਿਨਾਂ ਕਿਸੇ ਜਾਣਕਾਰੀ ਤੋਂ ਲਗਾਤਾਰ ਗੈਰ ਹਾਜ਼ਰ ਚੱਲ ਰਹੇ ਹੋ। ਸੋ-

*"ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਨੰ. 1/1/2017-3 ਐਪ.ਪੀ.2/189-192 ਮਿਤੀ 12.05.2017 ਦੇ ਤਹਿਤ ਜੇਕਰ ਕੋਈ ਅਧਿਕਾਰੀ / ਕਰਮਚਾਰੀ ਬਿਨਾਂ ਪਹਿਲਾਂ ਛੁੱਟੀ ਮਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਵੇਗਾ ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ। ਇਹ ਸਮਾਂ ਮੁਕੰਮਲ ਹੋਣ 'ਤੇ ਉਸਨੂੰ ਸਰਕਾਰੀ ਸਰਵਿਸ ਵਿੱਚ ਮੁੜ ਜੁਆਇੰਨ ਨਹੀਂ ਕਰਵਾਇਆ ਜਾਵੇਗਾ"*

ਕਿਉਕਿ ਇਹ ਕਰਮਚਾਰੀ ਇੱਕ ਸਾਲ ਤੋਂ ਵੱਧ ਸਮੇਂ ਤੋਂ ਡਿਊਟੀ ਤੋਂ ਗੈਰ ਹਾਜ਼ਰ ਚੱਲ ਰਿਹਾ ਹੈ, ਇਸ ਲਈ ਲੋਕ ਹਿੱਤ ਵਿੱਚ ਅਤੇ ਪੰਜਾਬ ਸਰਕਾਰ ਦੇ ਉਕਤ ਪੱਤਰ ਦੀ ਰੌਸ਼ਨੀ ਵਿੱਚ ਇਸ ਕਰਮਚਾਰੀ ਦਾ ਸਰਕਾਰੀ ਸਰਵਿਸ (ਯੂਨੀਵਰਸਿਟੀ ਸਰਵਿਸ) ਤੋਂ 11.03.2019 ਤੋਂ ਅਸਤੀਫਾ ਦਿੱਤਾ ਗਿਆ ਸਮਝਿਆ ਜਾਂਦਾ ਹੈ (Deemed Resignation) ਅਤੇ ਕਰਮਚਾਰੀ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਰੈਗੂਲਰ ਸੇਵਾਵਾਂ ਤੋਂ ਮਿਤੀ 11.03.2019 ਤੋਂ ਰਲੀਵ ਕੀਤਾ ਜਾਂਦਾ ਹੈ। ਇਸ ਲਈ ਕਰਮਚਾਰੀ ਵੱਲੋਂ ਕਾਬਜ਼ ਆਸਾਮੀ ਨੂੰ ਸਮਰੱਥ ਅਧਿਕਾਰੀ ਦੀ ਮਨਜ਼ੂਰੀ ਨਾਲ ਖਾਲੀ ਘੋਸ਼ਿਤ ਕੀਤਾ ਜਾਂਦਾ ਹੈ।

ਪ੍ਰੋਫੈਸਰ ਇਨਚਾਰਜ (ਅਮਲਾ)

**ਪਿੱਠ ਅੰਕਣ ਨੂੰ 08-ਬ.ਫ.ਯੂ.ਐੱਚ.ਐੱਸ./ਅਮਲਾ-1/2022/** 3655-60 **ਮਿਤੀ** 28.02.2022

ਕਾਪੀ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ

1. ਸਕੱਤਰ ਉਪ- ਕੁਲਪਤੀ ਬਾਬਾ ਫਰੀਦ ਯੂਨੀਵਰਸਿਟੀ ਹੈੱਲਥ ਸਾਇੰਸਜ਼ ਫਰੀਦਕੋਟ
2. ਪੀ.ਏ.ਟੂ ਰਜਿਸਟਰਾਰ
3. ਵਿੱਤ ਅਫਸਰ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ
4. ਡਾਇਰੈਕਟਰ, ਐਡਵਾਂਸਡ ਕੈਸਰ ਇੰਸਟੀਚਿਊਟ ਬਠਿੰਡਾ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ
5. ਸ਼੍ਰੀਮਤੀ ਅਵਨੀਤ ਕੌਰ (ਸਟਾਫ ਨਰਸ) ਪੁੱਤਰੀ ਸ਼੍ਰੀ ਇਕਬਾਲ ਸਿੰਘ ਪਿੰਡ ਲਾਲ ਕਲਾਂ ਡਾਕ ਖਾਨਾ ਕੁਬਾ ਤਹਿਸੀਲ ਸਮਰਾਲਾ ਜਿਲ੍ਹਾਂ ਲੁਧਿਆਣਾ
6. ਇਨਚਾਰਜ ਆਈ-ਟੀ ਸੈੱਲ ਯੂਨੀਵਰਸਿਟੀ ਦੀ ਵੈੱਬ-ਸਾਈਟ ਤੇ ਪਾਉਣ ਸਬੰਧੀ।

ਪ੍ਰੋਫੈਸਰ ਇਨਚਾਰਜ (ਅਮਲਾ ਸ਼ਾਖਾ)